ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ-8, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ ਫੇਜ-8 ਐਸ ਏ ਐਸ ਨਗਰ

ਸੇਵਾ ਵਿਖੇ

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),**
**ਪੰਜਾਬ।**

ਮੀਮੋ ਨੰ 16/13-19 ਬ ਪ੍ਰ (7)/735
ਮਿਤੀ - 12/12/19

**ਵਿਸ਼ਾ:-** **ਪ੍ਰਾਇਮਰੀ ਸਕੂਲ ਜੋ ਮਿਡਲ/ਹਾਈ/ਸੀ.ਸੈਕੰ ਸਕੂਲ ਦੇ ਕੈਂਪਸ ਵਿੱਚ ਚਲ ਰਹੇ ਹਨ, ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਕਈ ਪ੍ਰਾਇਮਰੀ ਸਕੂਲ ਅਜਿਹੇ ਹਨ ਜੋ ਕਿ ਮਿਡਲ/ਹਾਈ/ਸੀ.ਸੈਕੰ ਸਕੂਲਾਂ ਨਾਲ ਇਕੋ ਕੈਂਪਸ ਵਿੱਚ ਚਲ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਕੁੱਝ ਪ੍ਰਾਇਮਰੀ ਸਕੂਲ ਅਜਿਹੇ ਹਨ ਜਿਨ੍ਹਾਂ ਵਿੱਚ ਕਮਰਿਆਂ ਦੀ ਘਾਟ ਹੈ ਪ੍ਰੰਤੂ ਦੂਜੇ ਪਾਸੇ ਉਸੇ ਕੈਂਪਸ ਵਿੱਚ ਚਲ ਰਹੇ ਮਿਡਲ/ਹਾਈ/ਸੀ.ਸੈਕੰ ਸਕੂਲ ਵਿੱਚ ਵਾਧੂ ਕਮਰੇ ਹਨ ਜਾਂ ਇਸ ਦੇ ਉਲਟ ਅਜਿਹੀ ਸਥਿਤੀ ਵੀ ਹੈ ਜਿਥੇ ਮਿਡਲ/ਹਾਈ/ਸੀ.ਸੈਕੰ ਦੇ ਸਕੂਲ ਵਿੱਚ ਕਮਰਿਆਂ ਦੀ ਘਾਟ ਹੈ ਅਤੇ ਦੂਜੇ ਪਾਸੇ ਪ੍ਰਾਇਮਰੀ ਸਕੂਲ ਵਿੱਚ ਵਾਧੂ ਕਮਰੇ ਹਨ।

ਉਪਰੋਕਤ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਸਕੂਲਾਂ ਦੀ ਸ਼ਨਾਖਤ ਕਰਕੇ ਸਕੂਲ ਮੁਖੀਆਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਜੇਕਰ ਮਿਡਲ/ਹਾਈ/ਸੀ.ਸੈਕੰ ਸਕੂਲ ਵਿੱਚ ਵੱਧ ਕਮਰੇ ਹਨ ਤਾਂ ਪ੍ਰਾਇਮਰੀ ਸਕੂਲ ਨੂੰ ਕਮਰਿਆਂ ਦੀ ਲੋੜ ਅਨੁਸਾਰ ਜਮਾਤਾਂ ਲਗਾਉਣ ਲਈ ਕਮਰੇ ਦਿੱਤੇ ਜਾਣ ਅਤੇ ਜਿੱਥੇ ਪ੍ਰਾਇਮਰੀ ਸਕੂਲ ਵਿੱਚ ਕਮਰੇ ਵੱਧ ਹੋਣ ਅਤੇ ਮਿਡਲ/ਹਾਈ/ਸੀ.ਸੈਕੰ ਸਕੂਲ ਕੋਲ ਕਮਰਿਆਂ ਦੀ ਘਾਟ ਹੋਣ ਦੀ ਸੂਰਤ ਵਿੱਚ ਪ੍ਰਾਇਮਰੀ ਸਕੂਲ ਤੋਂ ਲੋੜ ਅਨੁਸਾਰ ਕਮਰੇ ਦਿੱਤੇ ਜਾਣ।

ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.),ਪੰਜਾਬ**

ਪਿੱਠ ਅੰਕਣ ਨੰ:ਉਕਤ ਮਿਤੀ,ਐਸ.ਏ.ਐਸ.ਨਗਰ 12-12-19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1.ਸਕੱਤਰ ਸਕੂਲ ਸਿੱਖਿਆ ਪੰਜਾਬ।

2.ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।

-ਸਹੀ-

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.),ਪੰਜਾਬ**